Downloaded From:http://www.cbseportal.com

Series JSR

SET-3

ਕੋਡ ਨੰ. 42/3

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਓ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ **+ 2** ਨਕਸ਼ਾ ਹਨ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **30** ਪ੍ਰਸ਼ਨ ਹਨ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ **15** ਮਿੰਟ ਦਾ ਸਮਾਂ ਦਿੱਤਾ ਗਿਆ ਹੈ। ਪ੍ਰਸ਼ਨ ਪੱਤਰ ਸਵੇਰੇ **10.15** ਵਜੇ ਵੰਡੇ ਜਾਣਗੇ। **10.15** ਵਜੇ ਤੋਂ **10.30** ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ।

- Please check that this question paper contains **7** printed pages **+ 2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **30** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

ਸੰਕਲਿਤ ਪ੍ਰੀਖਿਆ - II

SUMMATIVE ASSESSMENT - II

ਸਮਾਜਿਕ ਵਿਗਿਆਨ

(ਪੰਜਾਬੀ ਉਲਥਾ)

SOCIAL SCIENCE

(Punjabi Version)

ਸਮਾਂ ਸੀਮਾਂ : 3 ਘੰਟੇ | *ਪੂਰਨ ਅੰਕ : 90*

Time allowed : 3 hours | *Maximum Marks : 90*

Downloaded-From:http://www.cbseportal.com

Downloaded From:http://www.cbseportal.com

ਵਿਆਪਕ ਨਿਰਦੇਸ਼ :

(i) *ਇਸ ਪ੍ਰਸ਼ਨ ਪੱਤਰ ਵਿੱਚ ਕੁੱਲ **30** ਪ੍ਰਸ਼ਨ ਹਨ। ਸਾਰੇ ਪ੍ਰਸ਼ਨ **ਜ਼ਰੂਰੀ** ਹਨ।*

(ii) *ਹਰ ਪ੍ਰਸ਼ਨ ਦੇ ਸਾਮ੍ਹਣੇ ਉਸ ਲਈ ਨਿਰਧਾਰਿਤ ਅੰਕ ਲਿੱਖੇ ਹੋਏ ਹਨ।*

(iii) *ਪ੍ਰਸ਼ਨ ਸੰਖਿਆ **1** ਤੋਂ **8** ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ। ਹਰ ਇੱਕ ਪ੍ਰਸ਼ਨ **1** ਅੰਕ ਦਾ ਹੈ।*

(iv) *ਪ੍ਰਸ਼ਨ ਸੰਖਿਆ **9** ਤੋਂ **20** ਤੱਕ ਹਰ ਇੱਕ ਪ੍ਰਸ਼ਨ **3** ਅੰਕ ਦਾ ਹੈ। ਇਹਨਾਂ ਵਿੱਚੋਂ ਹਰ ਇੱਕ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ।*

(v) *ਪ੍ਰਸ਼ਨ ਸੰਖਿਆ **21** ਤੋਂ **28** ਤੱਕ ਹਰ ਇੱਕ ਪ੍ਰਸ਼ਨ **5** ਅੰਕ ਦਾ ਹੈ। ਇਹਨਾਂ ਵਿੱਚੋਂ ਹਰ ਇੱਕ ਪ੍ਰਸ਼ਨ ਦਾ ਉੱਤਰ **100** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ।*

(vi) *ਪ੍ਰਸ਼ਨ ਸੰਖਿਆ **29** ਅਤੇ **30** ਇਤਿਹਾਸ ਅਤੇ ਭੂਗੋਲ ਦੇ ਮਾਨਚਿੱਤਰ ਸੰਬੰਧੀ ਪ੍ਰਸ਼ਨ ਹਨ। ਹਰ ਇੱਕ ਪ੍ਰਸ਼ਨ ਦੇ **3** ਅੰਕ ਹਨ। ਭਰੇ ਹੋਏ ਮਾਨਚਿੱਤਰਾਂ ਨੂੰ ਅਪਣੀ ਉੱਤਰ ਪੁਸਤਿਕਾ ਦੇ ਅੰਦਰ ਨੱਥੀ ਕਰੋ।*

Downloaded-From:http://www.cbseportal.com

Downloaded From:http://www.cbseportal.com

1. 1861 ਵਿਚ ਸਾਂਝੇ(ਸੰਯੁਕਤ) ਇਟਲੀ ਦਾ ਰਾਜਾ ਕਿਸ ਨੂੰ ਬਣਾਇਆ ਗਿਆ ਸੀ? 1

ਜਾਂ

1868 ਵਿਚ ਵਿਯਤਨਾਮ ਵਿਚ ਕਿਸ ਨੇ 'ਸਕਾਲਰ ਰਿਵੋਲਟ' (ਵਿਦਵਾਨਾਂ ਦਾ ਵਿਦਰੋਹ) ਦੀ ਅਗਵਾਈ ਕੀਤੀ ਸੀ ?

2. ਐਲੂਮੀਨੀਅਮ ਧਾਤ ਦੀ ਮਹਤਤਾ ਜ਼ਿਆਦਾ ਕਿਉਂ ਹੈ? 1

3. ਕਿਸੇ ਦੋ ਵਰਗਵਾਦੀ ਹਿਤ ਸਮੂਹਾਂ ਦੇ ਨਾਮ ਲਿੱਖੋ। 1

4. ਬਹੁਰਾਸ਼ਟਰੀ ਕੰਪਨੀਆਂ ਅਪਣੇ ਦਫਤਰ ਅਤੇ ਕਾਰਖਾਨੇ ਉਨ੍ਹਾਂ ਖੇਤਰਾਂ ਵਿਚ ਕਿਉਂ ਸਥਾਪਤ ਕਰਦੀਆਂ ਹਨ ਜਿੱਥੇ ਉਨ੍ਹਾਂ ਨੂੰ ਮਜ਼ਦੂਰ ਅਤੇ ਦੂਸਰੇ ਸੰਸਾਧਨ ਸਸਤੇ ਮਿਲਦੇ ਹਨ ? 1

5. ਜੇਕਰ ਵਪਾਰੀ ਰਾਹੀਂ ਉਪਭੋਗਤਾ ਨੂੰ ਕੋਈ ਨੁਕਸਾਨ ਪਹੁੰਚਾਇਆ ਗਿਆ ਹੋਵੇ, ਤਾਂ ਕਿਹੜੇ ਉਪਭੋਗਤਾ ਅਧਿਕਾਰ ਦੇ ਅਧੀਨ ਉਹ ਨੁਕਸਾਨ ਦੀ ਭਰਪਾਈ ਦੇ ਲਈ ਉਪਭੋਗਤਾ-ਅਦਾਲਤ ਜਾ ਸਕਦਾ ਹੈ ? 1

6. ਦਬਾਅ ਸਮੂਹਾਂ ਅਤੇ ਰਾਜਨੀਤਕ ਦਲਾਂ ਵਿਚ ਇਕ ਅੰਤਰ ਸਪਸ਼ਟ ਕਰੋ। 1

7. ਭਾਰਤ ਨੇ ਬਹੁਦਲੀ ਪ੍ਰਣਾਲੀ ਨੂੰ ਕਿਉਂ ਅਪਣਾਇਆ ? 1

8. ਜ਼ਿਆਦਾਤਰ ਗਰੀਬ ਪਰਵਾਰ ਰਸਮੀ ਖੇਤਰ ਦੇ ਰਿਣ (ਉਧਾਰ) ਤੋਂ ਵਾਂਝੇ ਕਿਉਂ ਰਹਿੰਦੇ ਹਨ? 1

9. ਭਾਰਤ ਵਿਚ ਉਦਯੋਗਿਕ ਵਿਕਾਸ ਦੇ ਕਾਰਨ ਪੈਦਾ ਹੋਈ ਵਾਤਾਵਰਨ ਵਿਚ ਗਿਰਾਵਟ ਨੂੰ ਘਟ ਕਰਨ ਦੇ ਕੋਈ ਤਿੰਨ ਉਪਾਅ ਸੁਝਾਓ। 3x1=3

Downloaded-From:http://www.cbseportal.com

Downloaded From:http://www.cbseportal.com

10. ਖੇਤਰੀ ਰਾਜਨੀਤਕ ਪਾਰਟੀ ਤੋਂ ਕੀ ਭਾਵ ਹੈ ? 'ਖੇਤਰੀ ਰਾਜਨੀਤਕ ਪਾਰਟੀ' ਦੀ ਮਾਨਤਾ ਪ੍ਰਾਪਤ ਕਰਨ ਦੇ ਲਈ ਜ਼ਰੂਰੀ ਸ਼ਰਤਾਂ ਦਾ ਵਰਣਨ ਕਰੋ। **1+2=3**

11. ਜਨ-ਹਿਤ ਦਬਾਅ ਸਮੂਹ ਕੀ ਹਨ? ਉਨ੍ਹਾਂ ਦੀ ਕਾਰਜ ਸ਼ੈਲੀ ਦਾ ਵਰਣਨ ਕਰੋ। **1+2=3**

12. ''ਬਜ਼ਾਰ ਵਿਚ ਉਪਭੋਗਤਾਵਾਂ ਦੀ ਸੁਰਖਿਆ ਦੇ ਲਈ ਨਿਯਮਾਂ ਤੇ ਉਪਨਿਯਮਾਂ ਦੀ ਲੋੜ ਹੁੰਦੀ ਹੈ।" ਇਸ ਕਥਨ ਨੂੰ ਨਿਆਂ-ਸੰਗਤ ਠੈਹਰਾਓ। **3x1=3**

13. ''ਪੂਰੇ ਦੇਸ਼ ਵਿਚ ਊਰਜਾ ਦੇ ਸਾਰੇ ਪ੍ਰਕਾਰਾਂ ਦੀ ਵਰਤੋਂ ਵੱਧ ਰਹੀ ਹੈ।ਊਰਜਾ ਦੀ ਬਚਤ ਅਤੇ ਊਰਜਾ ਦੇ ਵਿਕਾਸ ਦੇ ਨਿਰੰਤਰ ਵਰਤਣ ਯੋਗ ਰਾਹ ਨੂੰ ਵਿਕਸਤ ਕਰਨ ਦੀ ਇਕ ਦਮ ਲੋੜ ਹੈ।'' ਇਸ ਤੀਬਰ ਸਮਸਿਆ ਨੂੰ ਹਲ ਕਰਨ ਦੇ ਲਈ ਕੋਈ ਤਿੰਨ ਉਪਾਅ ਸੁਝਾਓ ਅਤੇ ਉਨ੍ਹਾਂ ਦੀ ਵਿਆਖਿਆ ਕਰੋ। **3x1=3**

14. '1830 ਦਾ ਦਹਾਕਾ ਯੂਰੋਪ ਵਿਚ ਬੜੀ ਆਰਥਕ ਤੰਗੀ ਦੇ ਦਿਨ ਲੈ ਕੇ ਆਇਆ' ਦਲੀਲਾਂ ਦੇ ਕੇ ਕਥਨ ਦੀ ਪੁਸ਼ਟੀ ਕਰੋ। **3x1=3**

ਜਾਂ

"ਹੋ ਚੀ ਮਿਨ੍ਹ ਲੀਹ ਅਮੇਰਿਕਾ ਦੇ ਖਿਲਾਫ ਯੁੱਧ ਵਿਚ ਵਿਯਤਨਾਮੀਆਂ ਦੇ ਲਈ ਲਾਹੇਵੰਦੀ ਸਿੱਧ ਹੋਈ।" ਦਲੀਲਾਂ ਦੇ ਕੇ ਇਸ ਕਥਨ ਨੂੰ ਉੱਚਤ ਠੈਹਰਾਓ।

15. ਬੰਗਾਲ ਵਿਚ 'ਸਵਦੇਸ਼ੀ ਅੰਦੋਲਨ' ਦੇ ਦੌਰਾਨ ਕਿਸ ਪ੍ਰਕਾਰ ਦਾ ਝੰਡਾ ਤਿਆਰ ਕੀਤਾ ਗਿਆ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰੋ। **1+2=3**

16. "ਅਸਮ ਵਿਚ ਬਾਗਾਨੀ ਮਜ਼ਦੂਰਾਂ ਦੀ ਮਹਾਤਮਾਂ ਗਾਂਧੀ ਦੇ ਵਿਚਾਰਾਂ ਅਤੇ ਸਵਰਾਜ ਦੇ ਬਾਰੇ ਵਿਚ ਆਪਣੀ ਅਲੱਗ ਸੋਚ ਸੀ।'' ਦਲੀਲਾਂ ਦੇ ਕੇ ਕਥਨ ਦੀ ਪੁਸ਼ਟੀ ਕਰੋ। **3**

17. ਰਾਜਨੀਤਕ ਦਲ ਦੇ ਤਿੰਨ ਘਟਕਾਂ ਦਾ ਵਿਸ਼ਲੇਸ਼ਣ ਕਰੋ। **3**

Downloaded-From:http://www.cbseportal.com

Downloaded From:http://www.cbseportal.com

18. ਬਾਜ਼ਾਰ ਵਿਚ ਉਪਭੋਗਤਾ ਦਾ ਸ਼ੋਸ਼ਣ ਕਿਵੇਂ ਕੀਤਾ ਜਾਂਦਾ ਹੈ? ਸਪਸ਼ਟ ਕਰੋ। **3**

19. ''ਉਪਭੋਗਤਾਵਾਂ ਦੀ ਅਸੰਤੁਸ਼ਟਤਾ ਦੇ ਕਾਰਨ ਉਪਭੋਗਤਾ ਅੰਦੋਲਨ ਦਾ ਆਰੰਭ ਹੋਇਆ ਸੀ।" ਦਲੀਲਾਂ ਦੇ ਕੇ ਇਸ ਕਥਨ ਨੂੰ ਨਿਆਂ ਸੰਗਤ ਠੈਹਰਾਓ। **3**

20. ਭਾਰਤ ਵਿਚ ਉਦਯੋਗਿਕ ਵਿਕਾਸ ਦੇ ਕਾਰਨ ਪੈਦਾ ਹੋਈ ਵਾਤਾਵਰਨ ਵਿਚ ਗਿਰਾਵਟ ਨੂੰ ਘਟ ਕਰਨ ਦੇ ਕੋਈ ਤਿੰਨ ਉਪਾਅ ਸੁਝਾਓ। **3x1=3**

21. ਵਿਹਾਰਕ ਖੇਤਰ ਦੇ ਰਿਣਾਂ(ਉਧਾਰਾਂ) ਨੂੰ ਕਿਵੇਂ ਗ਼ਰੀਬ ਕਿਸਾਨਾਂ ਤੇ ਮਜ਼ਦੂਰਾਂ ਦੇ ਲਈ ਲਾਹੇਵੰਦ ਬਣਾਇਆ ਜਾ ਸਕਦਾ ਹੈ? ਕੋਈ ਪੰਜ ਉਪਾਅ ਸੁਝਾਓ। **1+2+2=5**

22. ਦੇਸ਼ ਦੇ ਵੱਖੋ ਵੱਖ ਭਾਗਾਂ ਵਿਚ ਸਵਿਨੇ ਅਣਗਿਆ ਅੰਦੋਲਨ ਕਿਵੇਂ ਹੋਂਦ ਵਿਚ ਆਇਆ? ਉਦਾਹਰਣਾਂ ਦੇ ਕੇ ਸਪਸ਼ਟ ਕਰੋ। **5**

23. ਸੰਚਾਰ ਸੇਵਾਵਾਂ ਦਾ ਵਰਗੀਕਰਨ ਦੋ ਵਰਗਾਂ ਵਿਚ ਕਰੋ।ਹਰ ਇਕ ਵਰਗ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਬਿਓਰਾ ਦਿਓ। **2+3=5**

24. ਭਾਰਤੀ ਅਰਥ-ਵਿਵਸਥਾ ਉੱਪਰ ਵਿਸ਼ਵੀਕਰਨ ਦੇ ਪ੍ਰਭਾਵਾਂ ਦਾ ਉਦਾਹਰਣਾਂ ਦੇ ਕੇ ਵਰਣਨ ਕਰੋ। **5x1=5**

25. "ਨਾਗਿਰਕਾਂ ਦੇ ਸਨਮਾਨ ਅਤੇ ਅਜ਼ਾਦੀ ਨੂੰ ਉਤਸਾਹਿਤ ਕਰਨ ਵਿਚ ਲੋਕਤੰਤਰੀ ਵਿਵਸਥਾ ਕਿਸੈ ਦੂਸਰੀ ਸਾਸ਼ਨ ਪ੍ਰਣਾਲੀ ਨਾਲੋ ਕਾਫੀ ਅੱਗੇ ਹੈ।" ਕਥਨ ਨੂੰ ਉਚਿਤ ਠੈਹਰਾਓ। **5**

26. "ਭਾਰਤ ਵਿਚ ਸੜਕ ਅਵਾਜਾਈ, ਰੇਲ ਅਵਾਜਾਈ ਦੇ ਮੁਕਾਬਲੇ ਅਜ ਵੀ ਵਧੇਰੇ ਸੁਵਿਧਾਜਨਕ ਹੈ।" ਦਲੀਲਾਂ ਦੇ ਕੇ ਇਸ ਕਥਨ ਦਾ ਸਮਰਥਨ ਕਰ। **5x1=5**

Downloaded-From:http://www.cbseportal.com

Downloaded From:http://www.cbseportal.com

27. "ਲੋਕ ਤੰਤਰ ਵਿਚ ਰਾਜਨੀਤਕ ਦਲਾਂ ਦਾ ਹੋਣਾ ਇਕ ਜ਼ਰੂਰੀ ਸ਼ਰਤ ਹੈ।" ਇਸ ਕਥਨ ਦਾ ਉਦਾਹਰਣਾਂ ਦੇ ਕੇ ਵਿਸ਼ਲੇਸ਼ਣ ਕਰੋ। **5x1=5**

28. ਫਰਾਂਸ ਵਿਚ ਨਿਪੋਲਿਯਨ ਨੇ ਪ੍ਰਜਾਤੰਤਰ ਨੂੰ ਤਬਾਹ ਕਰ ਦਿੱਤਾ ਸੀ ਪਰ ਪ੍ਰਸ਼ਾਸਨਿਕ ਖੇਤਰ ਵਿਚ ਉਸ ਨੇ ਕ੍ਰਾਂਤੀਕਾਰੀ ਸਿਧਾਂਤਾਂ ਨੂੰ ਸੰਮਿਲਤ ਕੀਤਾ ਜਿਸ ਨਾਲ ਪੂਰੀ ਵਿਵਸਥਾ ਵਧੇਰੇ ਨਿਆਂਪੂਰਨ ਅਤੇ ਕੁਸ਼ਲ ਬਣ ਸਕੇ।" ਇਸ ਕਥਨ ਦਾ ਦਲੀਲਾਂ ਦੇ ਕੇ ਵਿਸ਼ਲੇਸ਼ਨ ਕਰੋ। **5x1=5**

ਜਾਂ

ਜਨੇਵਾ ਵਿਚ ਚਲੀਆਂ ਸ਼ਾਂਤੀ ਵਾਰਤਾਵਾਂ ਨੇ ਵਿਯਤਨਾਮ ਨੂੰ ਵੰਡ ਦਿੱਤਾ ਅਤੇ ਨਤੀਜੇ ਦੇ ਤੌਰ ਤੇ ਘਟੀਆਂ ਘਟਨਾਵਾਂ ਦੀ ਲੜੀ ਨੇ ਵਿਯਤਨਾਮ ਨੂੰ ਯੁੱਧ ਖੇਤਰ ਵਿਚ ਬਦਲ ਦਿੱਤਾ।" ਦਲੀਲਾਂ ਦੇ ਕੇ ਇਸ ਕਥਨ ਦਾ ਵਿਸ਼ਲੇਸ਼ਨ ਕਰੋ।

29. ਤਿੰਨ ਲੱਛਣ A, B, ਅਤੇ C **ਭਾਰਤ** ਦੇ ਦਿਤੇ ਹੋਏ ਰਾਜਨੀਤਕ ਰੇਖਾ ਮਾਨ ਚਿੱਤਰ **(ਪੰਨਾ 9 ਤੇ)** ਉਪਰ ਦਰਸਾਏ ਗਏ ਹਨ। ਇਨ੍ਹਾਂ ਲਛਣਾਂ ਨੂੰ ਹੇਠ ਦਿੱਤੀ ਜਾਣਕਾਰੀ ਦੀ ਮਦਦ ਨਾਲ ਪਛਾਣੋ ਅਤੇ ਉਨ੍ਹਾਂ ਦੇ ਸਹੀ ਨਾਮ ਰੇਖਾ ਮਾਨ ਚਿੱਤਰ ਵਿਚ ਖਿੱਚੀਆਂ ਰੇਖਾਵਾਂ ਉੱਪਰ ਲਿਖੋ: **3x1=3**

(A) ਉਹ ਥਾਂ ਜਿੱਥੇ ਸੂਤੀ ਕਪੜਾ ਮਿਲ ਮਜ਼ਦੂਰਾਂ ਨੇ ਸਤਿਆਗ੍ਰਹਿ ਕੀਤਾ ਸੀ।

(B) ਉਹ ਥਾਂ ਜਿਹੜਾ ਅਸਹਿਯੋਗ ਅੰਦੋਲਨ (ਨਾ ਫਰਮਾਨੀ ਲੈਹਰ) ਨਾਲ ਜੁੜਿਆ ਹੋਇਆ ਹੈ।

(C) ਉਹ ਥਾਂ ਜਿੱਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਧਿਵੇਸ਼ਨ (ਅਜਲਾਸ) ਹੋਇਆ ਸੀ।

ਨੋਟ : ਹੇਠ ਲਿਖੇ ਪ੍ਰਸ਼ਨ ਕੇਵਲ ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** ਦੇ ਲਈ ਪ੍ਰਸ਼ਨ ਸੰਖਿਆਂ **29** ਦੇ ਥਾਂ ਬਦਲਵੇਂ ਪ੍ਰਸ਼ਨ ਹਨ:

(29.1) ਉਸ ਨਗਰ ਦਾ ਨਾਂ ਲਿੱਖੋ, ਜਿਥੇ ਸੂਤੀ ਕਪੜਾ ਮਿਲ ਮਜ਼ਦੂਰਾਂ ਨੇ ਸਤਿਆਗ੍ਰਹਿ ਕੀਤਾ ਸੀ।

(29.2) ਅਸਹਿਯੋਗ (ਨਾਫਰਮਾਨੀ ਲਿਹਰ) ਅੰਦੋਲਨ ਨਾਲ ਸੰਬੰਧਤ ਸਥਾਨ ਦਾ ਨਾਮ ਲਿੱਖੋ ।

(29.3) ਦਿਸੰਬਰ 1920 ਵਿਚ ਭਾਰਤੀ ਰਾਸ਼ਟਰੀ ਕਾਂਗਰਸ ਦਾ ਅਧਿਵੇਸ਼ਨ (ਅਜਲਾਸ) ਕਿੱਥੇ ਹੋਇਆ ਸੀ ।

Downloaded-From:http://www.cbseportal.com

Downloaded From:http://www.cbseportal.com

30. ਭਾਰਤ ਦੇ ਦਿੱਤੇ ਹੋਏ ਰਾਜਨੀਤਕ ਰੇਖਾ ਮਾਨ ਚਿਤਰ **(ਪੰਨਾ 11 ਤੇ)** ਵਿਚ ਹੇਠ ਲਿਖਿਆਂ ਨੂੰ ਢੁਕਵੇਂ ਚਿੰਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿਖੋ। **3x1=3**

(A) ਤੇਲ ਖੇਤਰ : ਡਿਗਬੋਈ

(B) ਲੋਹਾ ਅਤੇ ਇਸਪਾਤ (ਸਟੀਲ) ਕਾਰਖਾਨਾ: ਭਿਲਾਈ

(C) ਪ੍ਰਮੁੱਖ ਸਮੁੰਦਰੀ ਬੰਦਰਗਾਹ: ਕੋਚੀ

ਨੋਟ: ਹੇਠ ਲਿਖੇ ਪ੍ਰਸ਼ਨ ਕੇਵਲ ***ਦ੍ਰਿਸ਼ਟੀ ਵਿਕਲਾਂਗ ਵੀਦਿਆਰਥੀਆਂ*** ਦੇ ਲਈ ਪ੍ਰਸ਼ਨ ਸੰਖਿਆਂ **30** ਦੇ ਥਾਂ ਬਦਲਵੇਂ ਪ੍ਰਸ਼ਨ ਹਨ:

(30.1) ਡਿਗਬੋਈ ਤੇਲ ਖੇਤਰ ਕਿਸ ਰਾਜ ਵਿਚ ਸਥਿਤ ਹੈ?

(30.2) ਉਸ ਰਾਜ ਦਾ ਨਾਮ ਲਿੱਖੋ ਜਿੱਥੇ ਭਿਲਾਈ ਲੋਹਾ ਅਤੇ ਇਸਪਾਤ ਦਾ ਕਾਰਖਾਨਾ ਸਥਿਤ ਹੈ।

(30.3) ਭਾਰਤ ਦੇ ਪੂਰਬੀ ਤਟ ਤੇ ਸਥਿਤ ਸਭ ਤੋਂ ਦੱਖਣੀ ਸਮੁੰਦਰੀ ਬੰਦਰਗਾਹ ਦਾ ਨਾਮ ਲਿਖੋ।

Downloaded-From:http://www.cbseportal.com

Downloaded From:http://www.cbseportal.com

Downloaded-From:http://www.cbseportal.com

Downloaded From:http://www.cbseportal.com

ਪ੍ਰਸ਼ਨ ਸੰ. 29 ਦੇ ਲਈ

ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

Outline Map of India (Political)



Downloaded-From:http://www.cbseportal.com

Downloaded From:http://www.cbseportal.com

Downloaded-From:http://www.cbseportal.com

Downloaded From:http://www.cbseportal.com

ਪ੍ਰਸ਼ਨ ਸੰ. 30 ਦੇ ਲਈ

ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

Outline Map of India (Political)



Downloaded-From:http://www.cbseportal.com